# Launch of booklet on 'Pre departure information for Indians going to the European Union'

November 11, 2021

…………………………………………………………………………………………………..

## ਯੂਰਪੀਅਨ ਸੰਘ ਜਾਣ ਵਾਲੇ ਭਾਰਤੀਆਂ ਲਈ 'ਰਵਾਨਗੀ ਪੂਰਵ ਜਾਣਕਾਰੀ' 'ਤੇ ਕਿਤਾਬ ਲਾਂਚ

**11 ਨਵੰਬਰ, 2021**

ਯੂਰਪੀਅਨ ਸੰਘ ਜਾਣ ਵਾਲੇ ਪ੍ਰਵਾਸੀ ਕਾਮਿਆਂ ਦੀ ਭਲਾਈ ਅਤੇ ਸਹਾਇਤਾ ਲਈ ਵਿਦੇਸ਼ ਮੰਤਰਾਲੇ (MEA) ਦੇ ਵਿਚਾਰਕ ਮੰਚ ਭਾਰਤੀ ਪਰਵਾਸੀ ਕੇਂਦਰ (ICM) ਅਤੇ ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ (ILO) ਨੇ ਇੱਕ ਪ੍ਰੀ - ਡਿਪਾਰਚਰ ਓਰੀਐਂਟੇਸ਼ਨ (PDO) ਹੈਂਡਬੁੱਕ ਤਿਆਰ ਕੀਤੀ ਹੈ। ਇਹ ਕਿਤਾਬ ਸੰਯੁਕਤ ਸਕੱਤਰ (OIA I) ਅਤੇ ICM ਦੇ CEO ਸ਼੍ਰੀ ਅਬਾਗਾਨੀ ਰਾਮੂ ਅਤੇ ਭਾਰਤ ਅਤੇ ਭੂਟਾਨ ਲਈ ਯੂਰਪੀਅਨ ਸੰਘ ਡੈਲੀਗੇਸ਼ਨ ਦੇ ਮਿਸ਼ਨ ਦੇ ਡਿਪਟੀ ਹੈੱਡ ਸ਼੍ਰੀ ਸੇਫੋ ਨੂਰਮੀ ਨੇ 11 ਨਵੰਬਰ 2021 ਨੂੰ ਪ੍ਰੀ-ਡਿਪਾਰਚਰ ਹੈਂਡਬੁੱਕ ਦੇ ਰਾਸ਼ਟਰੀ ਲਾਂਚ ਈਵੈਂਟ ਦੌਰਾਨ ਲਾਂਚ ਕੀਤੀ।

ਇਹ ਹੈਂਡਬੁੱਕ ਭਾਰਤ-EU ਕਾਮਨ ਏਜੰਡਾ ਫਾਰ ਮਾਈਗ੍ਰੇਸ਼ਨ ਐਂਡ ਮੋਬਿਲਿਟੀ (CAMM) ਦੁਆਰਾ ਪ੍ਰਵਾਨਤ ਕਾਰਵਾਈਆਂ ਨੂੰ ਲਾਗੂ ਕਰਨ ਵਾਲੇ ਤਕਨੀਕੀ ਪ੍ਰੋਜੈਕਟ ਤਹਿਤ ਤਿਆਰ ਕੀਤੀ ਗਈ ਹੈ। ਹੈਂਡਬੁੱਕ ਯੂਰਪੀਅਨ ਸੰਘ ਜਾਣ ਵਾਲੇ ਭਾਰਤੀ ਪ੍ਰਵਾਸੀਆਂ ਨੂੰ ਵਿਆਪਕ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ। ਇਸ ਵਿੱਚ ਜ਼ਰੂਰੀ ਜਾਣਕਾਰੀ ਸ਼ਾਮਲ ਹੈ ਜਿਵੇਂ ਯੂਰਪੀਅਨ ਸੰਘ ਜਾਣ ਲਈ ਲੋੜੀਂਦੀਆਂ ਪ੍ਰਕਿਰਿਆਵਾਂ, ਉਪਲਬਧ ਵੀਜ਼ਾ ਦੀਆਂ ਕਿਸਮਾਂ, ਪਹੁੰਚਣ ਤੋਂ ਪਹਿਲਾਂ ਅਤੇ ਪਹੁੰਚਣ ਤੋਂ ਬਾਅਦ ਦੀ ਜਾਣਕਾਰੀ, ਜੋ ਯੂਰਪੀਅਨ ਸੰਘ ਵਿੱਚ ਪਰਵਾਸ ਕਰਨ ਦੇ ਚਾਹਵਾਨ ਕਿਸੇ ਵੀ ਵਿਅਕਤੀ ਲਈ ਮਾਰਗਦਰਸ਼ਕ ਵਜੋਂ ਕੰਮ ਕਰੇਗੀ। ਹੈਂਡਬੁੱਕ ਆਨਲਾਈਨ ਉਪਲਬਧ ਹੋਵੇਗੀ ਅਤੇ ਵਿਆਪਕ ਤੌਰ 'ਤੇ ਵੰਡੀ ਜਾਵੇਗੀ।

ਇਹ PDO ਹੈਂਡਬੁੱਕ ਵਿਦੇਸ਼ਾਂ ਵਿੱਚ ਕੰਮ ਕਰਨ ਦੇ ਚਾਹਵਾਨ ਸਾਰੇ ਪ੍ਰਵਾਸੀਆਂ ਨੂੰ ਰਵਾਨਗੀ ਤੋਂ ਪਹਿਲਾਂ ਦੀ ਓਰੀਐਂਟੇਸ਼ਨ ਪ੍ਰਦਾਨ ਕਰਨ ਦੇ ਮਾਮਲੇ 'ਚ ਭਾਰਤ ਸਰਕਾਰ ਦੇ ਯਤਨਾਂ ਵਿੱਚ ਮਹੱਤਵਪੂਰਨ ਵਾਧਾ ਹੈ। ਇਸ ਨਾਲ ਭਾਰਤ ਅਤੇ ਯੂਰਪੀਅਨ ਸੰਘ ਦਰਮਿਆਨ ਸੁਰੱਖਿਅਤ ਅਤੇ ਕਾਨੂੰਨੀ ਪ੍ਰਵਾਸ ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਮਜ਼ਬੂਤੀ ਮਿਲੇਗੀ।

ਨਵੀਂ ਦਿੱਲੀ
11 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.